**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ. ਏ. ਐਸ. ਨਗਰ।**
**( ਪ੍ਰਮੋਸ਼ਨ ਸੈਲ )**

ਵੱਲ

ਟੈਂਪ ਮਾਈਟ ਜਨੀ

ਸਮੂਹ ਨੋਡਲ ਅਫਸਲ ਕਮ ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ ਰਾਜ।

ਮੀਮੋ ਨੰ 84229/2023-ਪ੍ਰਮੋਸ਼ਨ (ਪ-2) /2023215766
ਮਿਤੀ 03.08.2023

ਵਿਸ਼ਾ ਮਾਸਟਰ ਕਾਡਰ ਦੀ ਸੀਨੀਆਰਤਾ ਬਾਬਤ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਕਈ ਜਿਲ੍ਹਿਆ ਵੱਲੋਂ ਇਹ ਤਰਕ ਰੱਖਿਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਜਿਲ੍ਹਾ ਕਿਸੇ ਨਿਸ਼ਚਿਤ ਸਾਲ ਵਿੱਚ ਹੋਂਦ ਵਿੱਚ ਆਇਆ ਹੈ, ਇਸ ਲਈ ਉਨ੍ਹਾਂ ਦੇ ਪਹਿਲੇ ਪੜ੍ਹਾਅ ਭਾਵ ਸਾਲ 1990 ਤੱਕ ਦੇ ਨਿਯੁਕਤ ਹੋਏ ਕਰਮਚਾਰੀਆਂ/ਰਿਟਾਇਰੀਆਂ ਦੀ ਸੂਚਨਾ ਨਿਲ ਸਮਝੀ ਜਾਵੇ।

1.1 ਇਸ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਿਸਾਲ ਵੱਜੋ ਜਿਲ੍ਹਾ ਤਰਨਤਾਰਨ ਸਾਲ 2006 ਵਿੱਚ ਅੰਮ੍ਰਿਤਸਰ ਤੋਂ ਅਲਗ ਹੋਕੇ ਅਤੇ ਮਾਨਸਾ ਸਾਲ 1992 ਤੋਂ ਜਿਲ੍ਹਾ ਬਠਿੰਡਾ ਅਤੇ ਸੰਗਰੂਰ ਤੋਂ ਅਲਗ ਹੋਣ ਉਪਰੰਤ ਹੋਂਦ ਵਿੱਚ ਆਏ ਹਨ, ਇਸ ਅਨੁਸਾਰ ਸਬੰਧਤ ਸਕੂਲ ਹੋਂਦ ਤੋਂ ਪਹਿਲਾਂ ਕਿਸੇ ਹੋਰ ਜਿਲ੍ਹੇ ਦੇ ਹਨ ਪਰੰਤੂ ਹੋਂਦ ਤੋਂ ਉਪਰੰਤ ਉਨ੍ਹਾਂ ਦੇ ਜਿਲ੍ਹੇ ਦੇ ਅਧੀਨ ਆਉਂਦੇ ਹਨ। ਇਸ ਲਈ ਸਬੰਧਤ ਜਿਲ੍ਹਾ ਨੋਡਲ ਅਫਸਰ ਆਪਣੇ ਅਧੀਨ ਆਉਂਦੇ ਬਲਾਕ ਨੋਡਲ ਅਫਸਰਾਂ ਨੂੰ ਪਾਬੰਦ ਕਰਨ ਕਿ ਉਹ ਸਬੰਧਤ ਸਕੂਲ ਦਾ ਰਿਕਾਰਡ ਘੋਖਦੇ ਹੋਏ ਸਬੰਧਤ ਕਰਮਚਾਰੀ/ਰਿਟਾਇਰੀ ਦੇ ਕੇਸ ਮੰਗ ਅਨੁਸਾਰ ਨਿਰਧਾਰਿਤ ਪ੍ਰੋਫਾਰਮੇ ਤੇ ਸਮੇਤ ਦਸਤਾਵੇਜ ਤਿਆਰ ਕਰਦੇ ਹੋਏ ਨਿਰਧਾਰਿਤ ਸ਼ਡਿਊਲ ਅਨੁਸਾਰ ਮੁੱਖ ਦਫਤਰ ਵਿਖੇ ਭੇਜਣ।

3.0 ਉਕਤ ਅਨੁਸਾਰ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਪ੍ਰਬੰਧਕ ਅਧਿਕਾਰੀਆਂ ਨੂੰ ਪਾਬੰਦ ਕੀਤਾ ਜਾਵੇ ਕਿ ਮਾਸਟਰ ਕਾਡਰ ਦੀ ਸੀਨੀਆਰਤਾ ਦੇ ਬਣਤਰ ਹਿੱਤ ਸਮੂਹ ਮਾਸਟਰ ਕਾਡਰ ਦੇ ਸੀਨੀਆਰਤਾ ਦੇ ਕੇਸ ਨਿਰਧਾਰਿਤ ਸ਼ਡਿਊਲ /ਪੜ੍ਹਾਅ ਅਨੁਸਾਰ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਉਣਗੇ।

4.0 ਪਹਿਲੇ ਪੜ੍ਹਾਅ ਤਹਿਤ ਮਾਸਟਰ ਕਾਡਰ ਸੀਨੀਆਰਤਾ ਦੇ ਸਬੰਧ ਵਿੱਚ ਵੇਰਵਿਆਂ ਦੀ ਪੁਸ਼ਟੀ ਕਰਨ ਹਿੱਤ ਕੇਸ ਮਿਤੀ 31.07.2023 ਤੱਕ ਮੰਗੇ ਗਏ ਹਨ, ਕੰਮ ਦੀ ਮਹੱਤਤਾ ਨੂੰ ਵੇਖਦੇ ਹੋਏ, ਮਿਆਦ ਨੂੰ ਵਧਾਉਂਦੇ ਹੋਏ ਮਿਤੀ 11.08.2023 ਤੱਕ ਕੀਤੀ ਜਾਂਦੀ ਹੈ।

5.0 ਇਸ ਨੂੰ ਪਰਮ ਅਗੇਤ ਸਮਝਿਆ ਜਾਵੇ ਜੀ।

03/08/2023
ਸਹਾਇਕ ਡਾਇਰੈਕਟਰ (ਪ੍ਰਮੋਸ਼ਨ)